**THE PUNJAB STATE BOARD OF TECHNICAL EDUCATION AND INDUSTRIAL TRAINING**

PLOT NO. 1-A, SEC. 36-A, CHANDIGARH PH. : 0172-2615385, 2622584-85 FAX : 2660734


ਨੰ:-ਪੀ.ਐਸ.ਬੀ./Poly./Revised fees/2021/600 ਈਮੇਲ ਰਾਹੀਂ ਮਿਤੀ: 31/3/2021

ਸੇਵਾ ਵਿਖੇ

ਪ੍ਰਿੰਸੀਪਲ,

ਸਮੂਹ ਸਰਕਾਰੀ /ਪ੍ਰਾਈਵੇਟ ਬਹੁਤਕਨੀਕੀ ਕਾਲਜ ਅਤੇ ਫਾਰਮੈਸੀ ਕਾਲਜ,

ਪੰਜਾਬ ਰਾਜ ਅਧੀਨ।

**ਵਿਸ਼ਾ : ਬੋਰਡ ਦਫਤਰ ਦੀ ਫਾਇਨਾਂਸ ਕਮੇਟੀ ਦੀ 43ਵੀਂ ਮੀਟਿੰਗ ਦੇ ਸਬੰਧ ਵਿੱਚ।**

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਦਸਿਆ ਜਾਂਦਾ ਹੈ ਕਿ ਬੋਰਡ ਦਫਤਰ ਦੀ ਫਾਇਨਾਂਸ ਕਮੇਟੀ ਦੀ 43ਵੀਂ ਮੀਟਿੰਗ ਵਿੱਚ ਹੇਠ ਦਰਸਾਏ ਅਨੁਸਾਰ ਫੀਸਾਂ ਵਿੱਚ ਵਾਧਾ ਕਰਨ ਸਬੰਧੀ ਫੈਸਲਾ ਲਿਆ ਗਿਆ ਹੈ, ਇਸ ਸਬੰਧ ਵਿੱਚ ਸਿਖਿਆਰਥੀਆਂ ਨੂੰ ਸੂਚਿਤ ਕਰ ਦਿੱਤਾ ਜਾਵੇ:-

| Sr. No. | Subject | Existing fees | Approved fees |
|---|---|---|---|
| 1 | Fee for issue of Duplicate Certificate / Name correction in certificates etc. | Rs.200/-per certificate (since 1999) | Rs.500/-per certificate |
| 2 | Processing fees for Re-admission | Rs.100/-per student (since 2002) | Rs.500/-per student |
| 3 | Processing fees for Trade Change | Rs.250/-per student (from more than 15 years) | Rs.500/-per student |
| 4 | Processing fees for Division Improvement | Nil (Free of Cost) Issued New Diploma and Transcript after Division improvement. | Rs.500/-per certificate |
| 5 | Processing fees for Migration cases (From one polytechnic to another) | Rs.500/-per student (Since 1999) | No Change |
| 6 * | Fees for Issue of Migration certificate / NOC to diploma passout student (for admission in higher classes) | Nil (Free of Cost) | Rs.100/-per student *Fees to be collected with final semester examination fees (for regular students) |

ਇਸ ਤੋਂ ਇਲਾਵਾ ਪ੍ਰੀਖਿਆ ਦੌਰਾਨ ਜੇਕਰ ਕਿਸੇ ਸੰਸਥਾ ਵਲੋਂ ਬੋਰਡ ਦਫਤਰ ਵਲੋਂ ਨਿਸ਼ਚਿਤ ਸਮੇਂ ਵਿੱਚ ਪ੍ਰੈਕਟੀਕਲ, ਸੈਸ਼ਨਲ ਮਾਰਕਸ ਅਤੇ ਹਾਜਰੀ ਰਿਕਾਰਡ ਆਦਿ ਨਹੀਂ ਭੇਜਿਆ ਜਾਂਦਾ ਹੈ ਤਾਂ ਸਬੰਧਤ ਸੰਸਥਾ ਨੂੰ ਪ੍ਰੈਕਟੀਕਲ, ਸੈਸ਼ਨਲ ਮਾਰਕਸ ਅਤੇ ਹਾਜਰੀ ਰਿਕਾਰਡ ਆਦਿ ਵਿਚ ਕਿਸੇ ਵੀ ਤਰ੍ਹਾਂ ਦੀ ਸੋਧ ਕਰਨ ਲਈ 50/-ਰੁਪਏ ਪ੍ਰਤੀ ਸਿਖਿਆਰਥੀ ਪ੍ਰਤੀ ਐਂਟਰੀ ਚਾਰਜਿਜ ਲਗਾਏ ਜਾਣਗੇ। ਇਹ ਸੋਧ genuine ਕੇਸਾਂ ਵਿੱਚ ਹੀ ਰਿਜਲਟ ਜਾਰੀ ਹੋਣ ਉਪਰੰਤ 1 ਮਹੀਨੇ ਦੇ ਅੰਦਰ ਅੰਦਰ ਹੀ 50/-ਰੁਪਏ ਪ੍ਰਤੀ ਸਿਖਿਆਰਥੀ ਪ੍ਰਤੀ ਐਂਟਰੀ ਫੀਸ ਲੈਣ ਉਪਰੰਤ ਹੀ ਕੀਤੀ ਜਾਵੇਗੀ। ਜੇਕਰ ਕਿਸੇ ਸੰਸਥਾ ਵਲੋਂ ਰਿਜਲਟ ਜਾਰੀ ਹੋਣ ਦੇ 1 ਮਹੀਨੇ ਉਪਰੰਤ ਕੇਸ ਸੋਧ ਕਰਨ ਲਈ ਭੇਜਿਆ ਜਾਂਦਾ ਹੈ ਤਾਂ ਇਹਨਾਂ ਕੇਸਾਂ ਵਿੱਚ ਵੱਖਰੇ ਤੌਰ ਤੇ ਸਮਰੱਥ ਅਧਿਕਾਰੀ ਜੀ ਦੀ ਪ੍ਰਵਾਨਗੀ ਲੈਣ ਉਪਰੰਤ ਸੰਸਥਾ ਤੇ penalty ਵੀ ਲਗਾਈ ਜਾਵੇਗੀ। ਇਸ ਸਬੰਧ ਵਿੱਚ ਸੰਸਥਾਵਾਂ ਨੂੰ ਇਹ ਵੀ ਹਦਾਇਤ ਦਿੱਤੀ ਜਾਂਦੀ ਹੈ ਕਿ ਉਪਰੋਕਤ ਦਰਸਾਏ ਅਨੁਸਾਰ ਰਿਜਲਟ ਵਿੱਚ ਸੋਧ ਕਰਨ ਲਈ ਸੰਸਥਾ ਵਲੋਂ ਕੋਈ ਵੀ ਫੀਸ ਵਿਦਿਆਰਥੀਆਂ ਤੋਂ ਨਹੀਂ ਲਵੇਗੀ। ਸਬੰਧਤ ਸੰਸਥਾ ਵਲੋਂ ਰਿਜਲਟ ਵਿੱਚ ਸੋਧ ਕਰਨ ਸਬੰਧੀ ਫੀਸ ਦੀ ਅਦਾਇਗੀ ਆਪਣੇ ਪੱਧਰ ਤੇ ਬੋਰਡ ਦਫਤਰ ਨੂੰ ਕੀਤੀ ਜਾਵੇਗੀ।

ਇਹ ਫੀਸ ਮਿਤੀ:-1-4-2021 ਤੋਂ ਲਾਗੂ ਹੋਵੇਗੀ।

Sd/-
ਰਜਿਸਟਰਾਰ

ਉਪਰੋਕਤ ਦਾ ਉਤਾਰਾ ਹੇਠ ਦਰਸਾਏ ਅਨੁਸਾਰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿਤ ਭੇਜਿਆ ਜਾਂਦਾ ਹੈ:-

1. ਕੰਪਿਊਟਰ ਸ਼ਾਖਾ ਨੂੰ ਫੀਸਾਂ ਨਾਲ ਸਬੰਧਤ ਫਾਰਮ ਵਿੱਚ ਸੋਧ ਕਰਨ ਲਈ,
2. ਐਡਮਨ ਸ਼ਾਖਾ
3. ਪ੍ਰੀਖਿਆ ਸ਼ਾਖਾ ਦੇ ਸਬੰਧਤ ਸਟਾਫ

ਰਜਿਸਟਰਾਰ